WORK SAFE BC | ਨਿਊਜ਼ ਰਿਲੀਜ਼

# ਮੁੜ-ਚਾਲੂ ਯੋਜਨਾ ਦੇ ਅਗਲੇ ਪੜਾਅ ਲਈ ਵਰਕਸੇਫ਼ ਬੀਸੀ ਵੱਲੋਂ ਉਦਯੋਗ-ਵਿਸ਼ੇਸ਼ ਦਿਸ਼ਾਨਿਰਦੇਸ਼ ਜਾਰੀ

**ਰਿਚਮੰਡ, ਬੀ. ਸੀ. (15 ਮਈ, 2020) –** ਸੂਬਾਈ ਸਰਕਾਰ ਦੀ ਮੁੜ-ਚਾਲੂ (ਰੀਸਟਾਰਟ) ਯੋਜਨਾ ਦੇ ਪੜਾਅ 2 ਦੇ ਹਿੱਸੇ ਵੱਜੋਂ ਜੋ ਰੁਜ਼ਗਾਰ ਪ੍ਰਦਾਨਕਰਤਾ ਕੰਮਕਾਰ ਦੁਬਾਰਾ ਤੋਂ ਸ਼ੁਰੂ ਕਰ ਰਹੇ ਹਨ, ਉਨ੍ਹਾਂ ਲਈ ਵਰਕਸੇਫ਼ ਬੀਸੀ ਵੱਲੋਂ ਉਦਯੋਗ-ਵਿਸ਼ੇਸ਼ ਦਿਸ਼ਾਨਿਰਦੇਸ਼ ਅਤੇ ਸ੍ਰੋਤ ਜਾਰੀ ਕੀਤੇ ਗਏ ਹਨ।

"ਹਰ ਇੱਕ ਰੁਜ਼ਗਾਰ ਪ੍ਰਦਾਨਕਰਤਾ ਲਈ ਇੱਕ ਕੋਵਿਡ-19 ਸੁਰੱਖਿਆ ਯੋਜਨਾ ਬਣਾਉਣੀ ਜ਼ਰੂਰੀ ਹੈ ਜਿਸ ਨਾਲ ਉਨ੍ਹਾਂ ਦੀ ਕੰਮ ਵਾਲੀ ਥਾਂ 'ਤੇ ਬੀਮਾਰੀ ਲੱਗਣ ਦੇ ਖ਼ਤਰੇ ਦਾ ਮੁਲਾਂਕਣ ਹੋ ਸਕੇ ਅਤੇ ਉਨ੍ਹਾਂ ਦੇ ਕਾਮਿਆਂ ਨੂੰ ਸੁਰੱਖਿਅਤ ਰੱਖਣ ਲਈ ਉਪਾਅ ਲਾਗੂ ਕੀਤੇ ਜਾ ਸਕਣ," ਐਲ ਜੌਨਸਨ, ਵਰਕਸੇਫ਼ ਬੀਸੀ ਦੇ ਰੋਕਥਾਮ ਸੇਵਾਵਾਂ ਦੇ ਮੁਖੀ ਨੇ ਕਿਹਾ, "ਅਸੀਂ ਉਦਯੋਗ ਅਤੇ ਕਿਰਤੀ ਸਾਂਝੇਦਾਰਾਂ ਦੀ ਸਲਾਹ ਨਾਲ ਸਧਾਰਣ ਅਤੇ ਉਦਯੋਗ-ਵਿਸ਼ੇਸ਼ ਦੋਵੇਂ ਸਮੱਗਰੀਆਂ ਵਿਕਸਤ ਕੀਤੀਆਂ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਵਿਹਾਰਕ ਹੋਣ ਅਤੇ ਹਰ ਖੇਤਰ ਵਿੱਚ ਕੰਮ ਵਾਲੀਆਂ ਥਾਂਵਾਂ ਲਈ ਸਮਝ ਵਿੱਚ ਆ ਸਕਦੀਆਂ ਹੋਣ।"

ਉਦਯੋਗ-ਵਿਸ਼ੇਸ਼ ਦਿਸ਼ਾਨਿਰਦੇਸ਼ ਅਤੇ ਸ੍ਰੋਤ ਹੁਣ ਹੇਠ ਦਿੱਤੇ ਖੇਤਰਾਂ ਲਈ ਉਪਲਬਧ ਹਨ:

- ਰੈਸਤੋਰਾਂ, ਕੈਫ਼ੇ, ਪਬ
- ਸੈਲੋਨ ਅਤੇ ਨਿਜੀ ਸੇਵਾਵਾਂ
- ਰੀਅਲ ਐਸਟੇਟ
- ਕਲਾ ਅਤੇ ਸੱਭਿਆਚਾਰਕ ਸਥਾਨ (ਅਜਾਇਬਘਰ, ਆਰਟ ਗੈਲਰੀਆਂ ਅਤੇ ਲਾਇਬ੍ਰੇਰੀਆਂ)
- ਪ੍ਰਚੂਨ (ਰੀਟੇਲ)
- ਸਿੱਖਿਆ ਕੇ-12
- ਪਾਰਕ ਅਤੇ ਖੁੱਲ੍ਹੀਆਂ ਥਾਂਵਾਂ
- ਸਿਹਤ ਸੇਵਾਵਾਂ
- ਆਮਣੇ ਸਾਹਮਣੇ ਕਾਉਂਸਲਿੰਗ
- ਦਫ਼ਤਰ ਦੀ ਥਾਂ

ਬਾਲ-ਸੰਭਾਲ ਥਾਂਵਾਂ, ਮਨੋਰੰਜਨ ਅਤੇ ਖੇਡਾਂ ਲਈ ਖੇਤਰ-ਵਿਸ਼ੇਸ਼ ਦਿਸ਼ਾਨਿਰਦੇਸ਼ ਆਉਂਦੇ ਦਿਨਾਂ ਵਿੱਚ ਉਪਲਬਧ ਹੋ ਜਾਣਗੇ।

ਵਿਸ਼ੇਸ਼ ਉਦਯੋਗਾਂ ਲਈ ਪ੍ਰੋਟੋਕੋਲਾਂ ਵਿੱਚ ਹੋਰ ਮਦਦ ਕਰਨ ਲਈ, ਵਰਕਸੇਫ਼ ਬੀਸੀ ਨੇ ਸਾਰੀਆਂ ਕੰਮ ਵਾਲੀਆਂ ਥਾਂਵਾਂ 'ਤੇ ਵਰਤੇ ਜਾਣ ਦੀ ਮਨਸ਼ਾ ਨਾਲ ਸਧਾਰਣ ਸ੍ਰੋਤ ਵੀ ਵਿਕਸਤ ਕੀਤੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ: ਕੋਵਿਡ-19 ਸੁਰੱਖਿਆ ਯੋਜਨਾ ਲਈ ਇੱਕ ਨਮੂਨਾ, ਕੰਮ ਵਾਲੀ ਥਾਂ ਲਈ ਪੋਸਟਰ, ਸਾਫ਼-ਸਫ਼ਾਈ ਅਤੇ ਸਵੱਛਤਾ ਦੀਆਂ ਵਿਧੀਆਂ ਬਾਰੇ ਜਾਣਕਾਰੀ, ਅਤੇ ਮਾਸਕਾਂ ਦੀ ਚੋਣ ਅਤੇ ਵਰਤੋਂ ਬਾਰੇ ਹਿਦਾਇਤਾਂ।

ਵਰਕਸੇਫ਼ ਬੀਸੀ ਰੁਜ਼ਗਾਰ ਪ੍ਰਦਾਨਕਰਤਾਵਾਂ ਨੂੰ ਯਾਦ ਦਿਵਾਉਂਦਾ ਹੈ ਕਿ ਉਨ੍ਹਾਂ ਨੂੰ ਆਪਣੀ ਸੁਰੱਖਿਆ ਯੋਜਨਾ ਸਮੀਖਿਆ ਜਾਂ ਮਨਜ਼ੂਰੀ ਲਈ ਪੇਸ਼ ਕਰਨ ਦੀ ਲੋੜ ਨਹੀਂ ਹੈ। ਪ੍ਰੰਤੂ, ਵਰਕਸੇਫ਼ ਬੀਸੀ ਦੇ ਪ੍ਰੀਵੈਨਸ਼ਨ ਅਫ਼ਸਰ, ਪੂਰੇ ਸੂਬੇ ਵਿੱਚ ਜਾਂਚ ਅਤੇ ਨਿਗਰਾਨੀ ਦੀ ਪਹਿਲਕਦਮੀ ਆਰੰਭ ਕਰਨਗੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਰੁਜ਼ਗਾਰ ਪ੍ਰਦਾਨਕਰਤਾ ਆਪਣੀਆਂ ਯੋਜਨਾਵਾਂ ਲਾਗੂ ਕਰ ਰਹੇ ਹਨ ਅਤੇ ਆਪਣੇ ਕਾਮਿਆਂ ਨੂੰ ਸੁਰੱਖਿਅਤ ਰੱਖ ਰਹੇ ਹਨ।

"ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਸਲਾਹ ਲੈਣ ਲਈ ਕਾਮੇ ਸ਼ਾਮਲ ਹੋਣੇ ਚਾਹੀਦੇ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦੇ ਸ਼ੰਕਿਆਂ 'ਤੇ ਧਿਆਨ ਦਿੱਤਾ ਜਾ ਸਕੇ ਅਤੇ ਉਨ੍ਹਾਂ ਦਾ ਹੱਲ ਹੋ ਸਕੇ," ਜੌਨਸਨ ਨੇ ਕਿਹਾ।

ਵਰਕਸੇਫ਼ ਬੀਸੀ ਵੱਲੋਂ ਉਦਯੋਗ-ਵਿਸ਼ੇਸ਼ ਜਾਣਕਾਰੀ ਅਤੇ ਸ੍ਰੋਤ ਜਾਰੀ ਕਰਨਾ ਸੂਬਾਈ ਸਰਕਾਰ ਦੀ ਆਰਥਕਤਾ ਨੂੰ ਮੁੜ ਚਾਲੂ ਕਰਨ ਦੀ ਬਹੁ-ਪੜਾਵੀ ਯੋਜਨਾ ਨਾਲ ਮੇਲ ਖਾਂਦਾ ਹੈ। ਵਰਕਸੇਫ਼ ਬੀਸੀ ਵੱਲੋਂ ਮੁੜ-ਚਾਲੂ ਯੋਜਨਾ ਦੇ ਅਗਲੇ ਪੜਾਵਾਂ ਲਈ ਉਦਯੋਗ-ਵਿਸ਼ੇਸ਼ ਜਾਣਕਾਰੀ ਅਤੇ ਸ੍ਰੋਤ ਵਿਕਸਤ ਕਰਨਾ ਜਾਰੀ ਰੱਖਿਆ ਜਾਏਗਾ, ਤਾਂ ਕਿ ਕੰਮਕਾਰ ਦੁਬਾਰਾ ਖੋਲ੍ਹਣ ਤੋਂ ਪਹਿਲਾਂ ਹੀ ਆਪਣੀ ਕੋਵਿਡ-19 ਸੁਰੱਖਿਆ ਯੋਜਨਾ ਬਣਾਉਣ ਵਿੱਚ ਰੁਜ਼ਗਾਰ ਪ੍ਰਦਾਨਕਰਤਾਵਾਂ ਦੀ ਮਦਦ ਕੀਤੀ ਜਾ ਸਕੇ।

ਆਪਣੀ ਕੰਮ ਵਾਲੀ ਥਾਂ 'ਤੇ ਕੋਵਿਡ-19 ਦੇ ਫ਼ੈਲਾਉ ਦੇ ਖ਼ਤਰੇ ਨੂੰ ਘੱਟ ਕਰਨ ਲਈ ਜੇਕਰ ਕਾਮਿਆਂ ਜਾਂ ਰੁਜ਼ਗਾਰ ਪ੍ਰਦਾਨਕਰਤਾਵਾਂ ਦੇ ਕੋਈ ਸਵਾਲ ਹੋਣ ਜਾਂ ਹੋਰ ਵਧੇਰੇ ਸਹਾਇਤਾ ਦੀ ਲੋੜ ਹੋਵੇ, ਤਾਂ ਉਹ ਸਲਾਹ ਅਤੇ ਸੇਧ ਲੈਣ ਲਈ ਕਿਸੇ ਪ੍ਰੀਵੈਨਸ਼ਨ ਅਫ਼ਸਰ ਨਾਲ ਸਿੱਧੀ ਗੱਲ ਕਰਨ ਲਈ ਵਰਕਸੇਫ਼ ਬੀਸੀ ਦੀ ਪ੍ਰੀਵੈਨਸ਼ਨ ਇਨਫ਼ਰਮੇਸ਼ਨ ਲਾਈਨ ਨੂੰ 1-888-621-7233 'ਤੇ ਕਾਲ ਕਰ ਸਕਦੇ ਹਨ।

ਜਿਵੇਂ ਜਿਵੇਂ ਪਾਬੰਦੀਆਂ ਚੁੱਕੀਆਂ ਜਾਂਦੀਆਂ ਹਨ ਅਤੇ ਹੋਰ ਜ਼ਿਆਦਾ ਕਾਰੋਬਾਰ ਕੰਮਕਾਰ ਮੁੜ ਸ਼ੁਰੂ ਕਰਦੇ ਹਨ, ਤਾਂ ਵਰਕਸੇਫ਼ ਬੀਸੀ ਵੱਲੋਂ ਕੰਮ ਵਾਲੀ ਥਾਂ ‘ਤੇ ਸਿਹਤ ਅਤੇ ਸੁਰੱਖਿਆ ਵਿੱਚ ਮਦਦ ਕਰਨ ਲਈ ਇੱਕ ਜਾਗਰੂਕਤਾ ਮੁਹਿੰਮ ਵੀ ਆਰੰਭ ਕੀਤੀ ਜਾ ਰਹੀ ਹੈ। ਪੂਰੇ ਸੂਬੇ ਵਿੱਚ ਚਲਾਈ ਜਾਣ ਵਾਲੀ, ਇਹ ਬਹੁ-ਭਾਸ਼ਾਈ ਮੁਹਿੰਮ ਇਸ ਗੱਲ ਵੱਲ ਧਿਆਨ ਖਿੱਚੇਗੀ ਕਿ ਸਿਹਤਮੰਦ ਅਤੇ ਸੁਰੱਖਿਅਤ ਕੰਮ ਵਾਲੀਆਂ ਥਾਂਵਾਂ ਕਿਵੇਂ ਇੱਕ ਸੂਬੇ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਵਿੱਚ ਯੋਗਦਾਨ ਦਿੰਦੀਆਂ ਹਨ। ਰੁਜ਼ਗਾਰ ਪ੍ਰਦਾਨਕਰਤਾਵਾਂ ਅਤੇ ਕਾਮਿਆਂ ਨੂੰ ਪ੍ਰੇਰਿਤ ਕੀਤਾ ਜਾਵੇਗਾ ਕਿ ਉਹ ਕੰਮ ਵਾਲੀ ਥਾਂ ‘ਤੇ ਸਿਹਤ ਅਤੇ ਸੁਰੱਖਿਆ ਅਤੇ ਕੋਵਿਡ-19 ਦੀ ਰੋਕਥਾਮ ਬਾਰੇ ਸ੍ਰੋਤਾਂ ਅਤੇ ਜਾਣਕਾਰੀ ਤੱਕ worksafebc.com ‘ਤੇ ਪਹੁੰਚ ਕਰਨ। ਜਾਗਰੂਕਤਾ ਮੁਹਿੰਮ ਵਿੱਚ ਰੇਡਿਉ, ਟੀ ਵੀ, ਘਰਾਂ ਤੋਂ ਬਾਹਰ ਸਾਈਨੇਜ, ਡਿਜਿਟਲ, ਸੋਸ਼ਲ ਮੀਡੀਆ ਸ਼ਾਮਲ ਹੋਣਗੇ।

ਉਦਯੋਗ-ਵਿਸ਼ੇਸ਼ ਦਿਸ਼ਾਨਿਰਦੇਸ਼ ਅਤੇ ਸ੍ਰੋਤ ਇੱਥੇ ਔਨਲਾਈਨ ਉਪਲਬਧ ਹਨ:
https://www.worksafebc.com/en/about-us/covid-19-updates/covid-19-returning-safe-operation

-30-

**ਹੋਰ ਜਾਣਕਾਰੀ ਲਈ:**
ਵਰਕਸੇਫ਼ ਬੀਸੀ ਮੀਡੀਆ ਸੰਪਰਕ
ਟੈਲੀਫ਼ੋਨ: 604-276-5157
media@worksafebc.com